# 2
# ਇਹ ਸਭ ਕਾਹਦੇ ਬਾਰੇ ਹੈ?
# (1:8)

ਰਸੂਲਾਂ ਦੇ ਕੰਮ ਦੀ ਕਿਤਾਬ ਸਭ ਤੋਂ ਅਸਾਨ ਰੂਪ ਰੇਖਾ 1:8 ਵਿਚ ਮਿਲਦੀ ਹੈ: (1) ਯਰੂਸ਼ਲਮ ਵਿਚ ਗਵਾਹੀਆਂ (1-7), (2) ਬਾਕੀ ਫ਼ਲਸਤੀਨ ਵਿਚ ਗਵਾਹੀਆਂ (8-12), (3) ਧਰਤੀ ਦੇ ਬੰਨੇ ਬੰਨੇ ਤਕ ਗਵਾਹੀਆਂ (13-28)। ਕੁਝ ਲੋਕ ਭਾਗ ਇਕ ਅਤੇ ਦੋ ਨੂੰ ਮਿਲਾ ਕੇ ਇਸ ਕਿਤਾਬ ਨੂੰ ਦੋ ਹਿੱਸਿਆਂ ਵਿਚ ਵੰਡਦੇ ਹਨ। ਕਈ 1:8 ਦੇ ਪਹਿਲੇ ਦੋ ਭਾਗਾਂ ਦੀ ਵਰਤੋਂ ਕਰਦੇ ਹਨ, ਪਰ 13-28 ਵਾਲੇ ਹਿੱਸੇ ਨੂੰ ਦੋ ਭਾਗਾਂ ਵਿਚ ਵੰਡ ਕੇ ਕਿਤਾਬ ਨੂੰ ਚਾਰ ਹਿੱਸੇ ਕਰਦੇ ਹਨ: (3) ਪੌਲੁਸ ਦੀਆਂ ਮਿਸ਼ਨਰੀ ਯਾਤਰਾਵਾਂ (13-21) ਅਤੇ (4) ਪੌਲੁਸ ਦਾ ਕੈਦ ਹੋਣਾ ਅਤੇ ਰੋਮ ਵਿਚ ਜਾਣਾ (22-28)। ਦੂਜੇ ਤਾਂ ਬਿਲਕੁਲ ਹੀ ਵੱਖਰੀ ਤਰ੍ਹਾਂ ਇਸ ਦੀ ਵੰਡ ਕਰਦੇ ਹਨ। ਉਦਾਹਰਣ ਲਈ ਕਈ ਲੋਕ ਲੂਕਾ ਦੇ ''ਸੰਖੇਪ ਕਥਨਾਂ'' (ਰਸੂਲਾਂ ਦੇ ਕੰਮ 6:7; 9:31; 12:24; 16:5; 19:20; 28:30, 31) ਨੂੰ ਇਸ ਵੰਡ ਦੇ ਸੁਭਾਵਕ ਬਿੰਦੂ ਮੰਨਦੇ ਹਨ ਜਿਸ ਨਾਲ ਕਿਤਾਬ ਦੇ ਛੇ ਭਾਗ ਬਣ ਜਾਂਦੇ ਹਨ।

ਆਪਣੇ ਅਧਿਐਨ ਲਈ ਅਸੀਂ ਰਸੂਲਾਂ ਦੇ ਕੰਮ 1:8 ਨੂੰ ਤਿੰਨ ਭਾਗਾਂ ਵਿਚ ਵੰਡਾਂਗੇ ਅਤੇ ਤੀਜੇ ਭਾਗ ਦੇ ਉਪ-ਭਾਗ ਬਣਾਵਾਂਗੇ:

I. ਯਰੂਸ਼ਲਮ ਵਿਚ ਗਵਾਹੀਆਂ (1-7)
II. ਬਾਕੀ ਫ਼ਲਸਤੀਨ ਵਿਚ ਗਵਾਹੀਆਂ (8-12)
III. ਧਰਤੀ ਦੇ ਬੰਨੇ ਬੰਨੇ ਤਕ ਗਵਾਹੀਆਂ (13-28)
  ੳ. ਪੌਲੁਸ ਦੀਆਂ ਮਿਸ਼ਨਰੀ ਯਾਤਰਾਵਾਂ (13-21)
  ਅ. ਪੌਲੁਸ ਦੀਆਂ ਕੈਦਾਂ ਅਤੇ ਉਹਦਾ ਰੋਮ ਵਿਚ ਜਾਣਾ (22-28)[1]

## ਵਿਸ਼ੇ

ਰਸੂਲਾਂ ਦੇ ਕੰਮ ਦੀ ਕਿਤਾਬ ਦਾ ਅਧਿਐਨ ਕਈ ਪੱਧਰਾਂ ਤੋਂ ਕੀਤਾ ਜਾ ਸਕਦਾ ਹੈ। ਇਸ ਦੀ ਸਿੱਖਿਆ ਦੇ ਪਹਿਲੂਆਂ ਤੇ ਧਿਆਨ ਕਰਦਿਆਂ ਅਤੇ ਫਿਰ ਛੇਤੀ ਨਾਲ ਕਿਸੇ ਹੋਰ ਪਹਿਲੂ ਤੇ ਧਿਆਨ ਲਾ ਕੇ ਅਧਿਐਨ ਕਰਨ ਨਾਲ ਇੱਕੋ ਜਿਹਾ ਲਾਭ ਮਿਲ ਸਕਦਾ ਹੈ। ਰਸੂਲਾਂ ਦੇ ਕੰਮ ਦੀ ਕਿਤਾਬ ਦਾ ਅਧਿਐਨ ਕਰਨ ਦੇ ਕੁਝ ਨਜ਼ਰੀਏ ਹੇਠਾਂ ਦਿੱਤੇ ਗਏ ਹਨ:

1. **ਬੀਤੇ ਸਮੇਂ**

ਰਸੂਲਾਂ ਦੇ ਕੰਮ ਦੀ ਕਿਤਾਬ ਨੂੰ ਇਤਿਹਾਸ ਮੰਨ ਕੇ ਇਸ ਦਾ ਅਧਿਐਨ ਅਤੀਤ ਨੂੰ ਧਿਆਨ ਵਿਚ ਰੱਖ ਕੇ ਕੀਤਾ ਜਾ ਸਕਦਾ ਹੈ ਕਿ ਕੀ, ਕਦ, ਕਿੱਥੇ ਅਤੇ ਕਿਉਂ ਹੋਇਆ? ਇਹ ਅਧਿਐਨ ਦਿਲਚਸਪ ਹੋ ਸਕਦਾ ਹੈ, ਖ਼ਾਸ ਕਰਕੇ ਜੇ ਇਹ *ਲੋਕਾਂ* ਤੇ ਕੇਂਦਰਿਤ ਹੋਵੇ। ਲੂਕਾ ਦਾ ਇਤਿਹਾਸ ਨਿਰਾਸ਼ਾਜਨਕ ਅਤੇ ਅਵਿਅਕਤੀਗਤ ਨਹੀਂ ਸੀ। ਉਸ ਨੇ ਇਸ ਨੂੰ ਪ੍ਰਮੇਸ਼ਵਰ ਦੀ ਸੰਤਾਨ ਨੂੰ ਉਤਸਾਹਿਤ ਕਰਨ ਲਈ ਲਿਖਿਆ।

ਬੇਸ਼ੱਕ ਲੂਕਾ ਨੇ ਆਪਣੇ ਆਪ ਨੂੰ ਪੁਰਾਣੇ ਨੇਮ ਦੇ ਇਤਿਹਾਸ ਦੇ ਉਨ੍ਹਾਂ ਮਹਾਨ ਲੇਖਕਾਂ ਦੀ ਲੀਹ ਤੇ ਚੱਲਦਿਆਂ ਪਾਇਆ। ਉਹ ਇਤਿਹਾਸ ਨਹੀਂ ਸਗੋਂ *ਪਵਿੱਤਰ* ਇਤਿਹਾਸ ਲਿਖ ਰਿਹਾ ਸੀ। *ਖ਼ੁਦਾ* ਪਵਿੱਤਰ ਆਤਮਾ ਦੇ ਰਾਹੀਂ[2] ਫ਼ਰਿਸ਼ਤਿਆਂ ਦੇ ਰਾਹੀਂ[3] ਆਤਮਾ ਦੀ ਪ੍ਰੇਰਣਾ ਪਾਏ ਨਬੀਆਂ ਦੇ ਰਾਹੀਂ,[4] ਇੱਥੋਂ ਤਕ ਕਿ ਖੁਦ ਯਿਸੂ ਵੱਲੋਂ[5] ਦਿੱਤੇ ਵਿਸ਼ੇਸ਼ ਦਰਸ਼ਣਾਂ ਦੇ ਰਾਹੀਂ ਮਨੁੱਖਾਂ ਵਿਚ ਕੰਮ ਕਰਦਾ ਸੀ।

2. **ਸਿਧਾਂਤ**

ਰਸੂਲਾਂ ਦੇ ਕੰਮ ਦੀ ਕਿਤਾਬ ਦਾ ਅਧਿਐਨ ਖ਼ੁਦਾਈ ਸਿਧਾਂਤਾਂ ਜਾਂ ਸਿੱਖਿਆਵਾਂ ਦੇ ਨਜ਼ਰੀਏ ਤੋਂ ਵੀ ਹੋ ਸਕਦਾ ਹੈ। ਇਸ ਕਿਤਾਬ ਵਿਚ ਅਸੀਂ *ਮੁਕਤੀ* ਜਾਂ ਬਚਾਏ ਜਾਣ ਬਾਰੇ ਸੱਚਾਈ ਲੱਭ ਸਕਦੇ ਹਾਂ। ਖ਼ੁਦਾ ਦਾ ਵਚਨ ਸੁਣਾਇਆ ਗਿਆ। (ਰਸੂਲਾਂ ਦੇ ਕੰਮ ਦੀ ਕਿਤਾਬ ਵਿਚ ਖ਼ੁਦਾ ਦੇ ਵਚਨ ਦੇ ਚਾਲੀ ਤੋਂ ਵੱਧ ਹਵਾਲੇ ਹਨ।) ਪ੍ਰਚਾਰ ਦਾ ਅਧਾਰ ਮਸੀਹ ਹੀ ਰਿਹਾ। ਉਨ੍ਹਾਂ ਤੋਂ ਜਵਾਬ (ਵਿਸ਼ਵਾਸ ਕਰਨ, ਤੌਬਾ ਕਰਨ ਅਤੇ ਬਪਤਿਸਮਾ ਲੈਣ) ਦੀ ਉਮੀਦ ਕੀਤੀ ਜਾਂਦੀ ਸੀ, ਪ੍ਰਭੂ ਦੇ ਪ੍ਰਤੀ ਸਮਰਪਣ ਲਈ ਇਹੀ ਉਨ੍ਹਾਂ ਦਾ ਜਵਾਬ ਸੀ!

ਬਚਾਏ ਜਾਣ ਦੇ ਵਿਸ਼ੇ ਨਾਲ ਜੁੜਿਆ, ਕਲੀਸੀਆ ਦਾ ਸੱਚ ਰਸੂਲਾਂ ਦੇ ਕੰਮ ਦੀ ਕਿਤਾਬ ਵਿਚ ਮਿਲ ਸਕਦਾ ਹੈ। ਇੰਜੀਲ ਦੇ ਬਿਰਤਾਂਤਾਂ ਵਿਚ ਮੁੱਖ ਸ਼ਬਦ ''ਰਾਜ'' ਹੀ ਹੈ[6] ਜਿਸ ਨਾਲ ''ਕਲੀਸੀਆ'' ਦੇ ਕੁਝ ਕੁ ਹਵਾਲੇ ਹਨ। ਰਸੂਲਾਂ ਦੇ ਕੰਮ ਵਿਚ ਮੁੱਖ ਸ਼ਬਦ ''ਕਲੀਸੀਆ'' ਹੈ। ''ਕਲੀਸੀਆ'' ਸ਼ਬਦ ਰਸੂਲਾਂ ਦੇ ਕੰਮ ਦੀ ਕਿਤਾਬ ਵਿਚ ਵੀਹ ਤੋਂ ਵੱਧ ਵਾਰ ਮਿਲਦਾ ਹੈ ਅਤੇ ''ਰਾਜ''[7] ਦਾ ਹਵਾਲਾ ਕਿਤੇ ਕਿਤੇ ਹੀ ਮਿਲਦਾ ਹੈ। ਰਸੂਲਾਂ ਦੇ ਕੰਮ ਵਿਚ ਸਾਨੂੰ ਕਲੀਸੀਆ ਦੀ ਬੰਦਗੀ ਦੇ ਹਵਾਲੇ ਕਲੀਸੀਆ ਦੇ ਕੰਮ, ਕਲੀਸੀਆ ਦੇ ਸੰਗਠਨ, ਕਲੀਸੀਆ ਦੀ ਏਕਤਾ ਅਤੇ ਕਲੀਸੀਆ ਦੇ ਅਨੁਸ਼ਾਸਨ ਦਾ ਵੀ ਪਤਾ ਲਗਦਾ ਹੈ।

ਰਸੂਲਾਂ ਦੇ ਕੰਮ ਕਿਤਾਬ ਵਿਚ ਸਾਨੂੰ ਪਵਿੱਤਰ ਆਤਮਾ ਬਾਰੇ ਪ੍ਰਮੇਸ਼ਵਰ ਦੀ ਸੱਚਾਈ ਵੀ ਮਿਲ ਸਕਦੀ ਹੈ। ਭਾਵੇਂ ਪਵਿੱਤਰ ਆਤਮਾ ਦਾ ਮਕਸਦ ਆਪਣੇ ਆਪ ਨੂੰ ਪ੍ਰਗਟ ਕਰਨਾ ਨਹੀਂ ਹੈ, ਫਿਰ ਵੀ ਰਸੂਲਾਂ ਦੇ ਕੰਮ ਦੀ ਇਸ ਕਿਤਾਬ ਵਿਚ ਸਾਨੂੰ ਪਵਿੱਤਰ ਆਤਮਾ ਦੇ ਕੰਮ ਦੇ ਪੰਜਾਹ ਤੋਂ ਵੱਧ ਹਵਾਲੇ ਮਿਲਦੇ ਹਨ। ਇਸ ਕਿਤਾਬ ਤੋਂ ਸਾਨੂੰ ਪਵਿੱਤਰ ਆਤਮਾ[8] ਦੇ ਚਮਤਕਾਰੀ ਅਤੇ ਗੈਰ ਚਮਤਕਾਰੀ ਕੰਮਾਂ ਬਾਰੇ ਪਤਾ ਲਗਦਾ ਹੈ।

3. **ਪ੍ਰਚਾਰ**

ਰਸੂਲਾਂ ਦੇ ਕੰਮ ਦੀ ਕਿਤਾਬ ਦਾ ਅਧਿਐਨ ਪ੍ਰਚਾਰ ਦੇ ਖੱਥੋਂ ਵੀ ਕੀਤਾ ਜਾ ਸਕਦਾ ਹੈ। ਕਿਤਾਬ ਵਿਚ ਦਿੱਤੇ ਉਪਦੇਸ਼ਾਂ ਦਾ ਵਿਸ਼ਲੇਸ਼ਣ ਕਰਨ ਵਿਚ ਫ਼ਾਇਦਾ ਹੀ ਹੈ। ਪ੍ਰਮੇਸ਼ਵਰ ਤੋਂ

ਪ੍ਰੇਰਣਾ ਪਾ ਕੇ ਬੁਲਾਰਿਆਂ ਨੇ ਯਹੂਦੀ ਲੋਕਾਂ ਵਿਚ ਵਚਨ ਸੁਣਾਇਆ, ਉਹ ਵੱਖ ਵੱਖ ਵਿਚਾਰਧਾਰਾ ਰੱਖਣ ਵਾਲੇ ਗੈਰ ਕੌਮਾਂ ਦੇ ਲੋਕਾਂ ਕੋਲ ਵੀ ਗਏ ਅਤੇ ਇੰਜੀਲ ਦੇ ਇਕ ਪ੍ਰਚਾਰਕ ਨੇ ਕਲੀਸੀਆ ਦੇ ਐਲਡਰਾਂ (ਬਜ਼ੁਰਗਾਂ) ਨੂੰ ਵਚਨ ਸਿਖਾਇਆ (ਰਸੂਲਾਂ ਦੇ ਕੰਮ 20:17-35)!

**4. ਦੁਆ**

ਰਸੂਲਾਂ ਦੇ ਕੰਮ ਦੀ ਕਿਤਾਬ ਦਾ ਅਧਿਐਨ ਉਨ੍ਹਾਂ ਮੌਕਿਆਂ ਨੂੰ ਧਿਆਨ ਵਿਚ ਰੱਖਦਿਆਂ ਜਿਨ੍ਹਾਂ ਵਿਚ ਮੁਢਲੇ ਚੇਲੇ ਦੁਆ ਕਰਦੇ ਸਨ ਅਤੇ ਲਿਖਤ ਰੂਪ ਵਿਚ ਮਿਲਣ ਵਾਲੀਆਂ ਦੁਆਵਾਂ ਦੇ ਵਿਸ਼ਲੇਸ਼ਣ ਦੇ ਨਾਲ ਨਾਲ ਦੁਆ ਬਾਰੇ ਨਜ਼ਰੀਏ ਤੋਂ ਵੀ ਕੀਤਾ ਜਾ ਸਕਦਾ ਹੈ। ਯਿਸੂ ਦੇ ਚੇਲਿਆਂ ਵੱਲੋਂ ਕੀਤਾ ਕੰਮ ਉਨ੍ਹਾਂ ਦੀ ਦੁਆ ਵੀ ਸੀ।

**5. ਵਿਕਾਸ**

ਰਸੂਲਾਂ ਦੇ ਕੰਮ ਦੀ ਕਿਤਾਬ ਦਾ ਅਧਿਐਨ ਮੁੱਢਲੀ ਕਲੀਸੀਆ ਦੇ ਗਿਣਤੀ ਵਿਚ ਵਧਣ ਦੇ ਨਜ਼ਰੀਏ ਤੋਂ ਵੀ ਕੀਤਾ ਜਾ ਸਕਦਾ ਹੈ। ਮੁਢਲੀ ਕਲੀਸੀਆ ਦਾ ਵਾਧਾ ਨਾਟਕੀ ਢੰਗ ਨਾਲ ਹੋਇਆ![9] ਇਹ ਐਨੀ ਤੇਜ਼ੀ ਨਾਲ ਕਿਵੇਂ ਵਧੀ? ਕੀ ਭੇਤ ਸੀ ਇਹਦੇ ਵਧਣ ਦਾ? ਕਿਤਾਬ ਪੜ੍ਹਦਿਆਂ ਅਸੀਂ ਉਨ੍ਹਾਂ ਗੱਲਾਂ ਤੇ ਧਿਆਨ ਦਿਆਂਗੇ ਜਿਨ੍ਹਾਂ ਕਾਰਣ ਮਸੀਹੀਅਤ ਵਧੀ। ਮਿਸਾਲ ਦੇ ਤੌਰ ਤੇ, ਲੂਕਾ ਨੇ ਇਸ ਗੱਲ ਤੇ ਬਹੁਤਾ ਜ਼ੋਰ ਦਿੱਤਾ ਕਿ ਹਰ ਮਸੀਹੀ ਨੂੰ ਚਾਹੀਦਾ ਹੈ ਕਿ ਉਹ ਦੂਜਿਆਂ ਨੂੰ ਇੰਜੀਲ ਸੁਣਾਏ। ਰਸੂਲਾਂ ਦੇ ਕੰਮ ਦੀ ਕਿਤਾਬ ਵਿਚ ਕਲੀਸੀਆ ਦਾ ਮੁੱਖ ਕੰਮ ਇੰਜੀਲ ਦਾ ਪ੍ਰਚਾਰ ਕਰਨਾ, ਯਾਨੀ ਯਿਸੂ ਬਾਰੇ ਦੂਜਿਆਂ ਨੂੰ ਦੱਸਣਾ ਹੈ। ਰਸੂਲਾਂ ਦੇ ਕੰਮ ਦੀ ਕਿਤਾਬ ਵਿਚ ਜ਼ੋਰ ਦਿੱਤਾ ਗਿਆ ਹੈ ਕਿ ਇੰਜੀਲ ਯਾਨੀ ਖ਼ੁਸ਼ਖਬਰੀ ਸਭ ਲਈ ਹੈ। ਕਿਤਾਬ ਦਾ ਜ਼ਿਆਦਾਤਰ ਹਿੱਸਾ ਇਸ ਤੱਥ ਪ੍ਰਤੀ ਵਧੇਰੇ ਦਿਲਚਸਪੀ ਲੈਣਾ ਹੈ ਕਿ ਇੰਜੀਲ ਗੈਰ ਕੌਮਾਂ ਅਤੇ ਯਹੂਦੀਆਂ ਦੋਹਾਂ ਲਈ ਹੈ। ਇਹਦੇ ਇਲਾਵਾ ਕਿਤਾਬ ਇਸ ਗੱਲ ਤੇ ਵੀ ਜ਼ੋਰ ਦਿੰਦੀ ਹੈ ਕਿ ਇੰਜੀਲ ਲੋਕਾਂ ਦੇ ਹਰ ਵਰਗ ਲਈ ਹੈ, ਭਾਵੇਂ ਉਹ ਅਮੀਰ ਹੋਣ ਜਾਂ ਗਰੀਬ, ਪੜ੍ਹੇ ਲਿਖੇ ਹੋਣ ਜਾਂ ਅਨਪੜ੍ਹ, ਮਰਦ ਹੋਣ ਜਾਂ ਤੀਵੀਆਂ, ਜਵਾਨ ਹੋਣ ਜਾਂ ਬੁੱਢੇ, ਭਲੇ ਹੋਣ ਜਾਂ ਬੁਰੇ। (ਮਨਬਦਲੀ ਦੀਆਂ ਉਦਾਹਰਣਾਂ ਵਿੱਚੋਂ ਵੱਖ-ਵੱਖ ਪਿਛੋਕੜ ਤੋਂ ਮਸੀਹੀ ਬਣਨ ਵਾਲੇ ਲੋਕਾਂ ਤੇ ਵਿਚਾਰ ਕਰੋ)।

## ਕਾਰਜ

ਜਿਵੇਂ ਅਸੀਂ ਪਹਿਲਾਂ ਧਿਆਨ ਦਿੱਤਾ ਸੀ, ਕਿ ਰਸੂਲਾਂ ਦੇ ਕੰਮ ਦੀ ਕਿਤਾਬ ਦਾ ਵੱਖ-ਵੱਖ ਪੱਖਾਂ ਤੋਂ ਜਿੰਨੀ ਵੀ ਵਾਰ ਅਧਿਐਨ ਕੀਤਾ ਜਾਵੇ, ਓਨਾ ਹੀ ਫ਼ਾਇਦੇਮੰਦ ਹੋਵੇਗਾ। ਪਰ ਸਾਨੂੰ ਇਸ ਕਿਤਾਬ ਨੂੰ ਪੜ੍ਹਨ ਦਾ ਮੌਕਾ ਇੱਕੋ ਵਾਰ ਮਿਲੇਗਾ। ਇਸ ਲਈ ਮੈਂ ਕੋਸ਼ਿਸ਼ ਕਰਾਂਗਾ ਕਿ ਜਿੰਨੇ ਵਿਸ਼ਿਆਂ ਦਾ ਅਸੀਂ ਜ਼ਿਕਰ ਕੀਤਾ ਹੈ, ਉਨ੍ਹਾਂ ਸਾਰਿਆਂ ਦਾ ਅਤੇ ਹੋਰ ਵਿਸ਼ਿਆਂ ਦਾ ਵੀ ਥੋੜ੍ਹਾ-ਥੋੜ੍ਹਾ ਜ਼ਿਕਰ ਕਰਾਂ। ਮੈਨੂੰ ਹਰ ਵਿਸ਼ੇ ਤੇ ਸਿਖਣ ਵਿਚ ਮੁਹਾਰਤ ਨਹੀਂ ਹੈ। ਪਰ ਮੈਂ ਆਪਣੀ ਸੋਚ ਨੂੰ ਇਸ ਅਧਿਐਨ ਤੇ ਟਿਕਾਉਣ ਦੀ ਕੋਸ਼ਿਸ਼ ਕਰਾਂਗਾ। ਫਿਰ ਤੁਸੀਂ ਬਾਕੀ ਜੀਵਨ ਰਸੂਲਾਂ ਦੇ ਕੰਮ ਦੀ ਇਸ ਮਹਾਨ ਕਿਤਾਬ ਨੂੰ ਹੋਰ ਗਹਿਰਾਈ ਨਾਲ ਜਾਣਨ ਲਈ ਲਾ ਸਕਦੇ ਹੋ।

ਰਸੂਲਾਂ ਦੇ ਕੰਮ ਦੀ ਕਿਤਾਬ ਤੇ ਲਿਖੀਆਂ ਜਾਣ ਵਾਲੀਆਂ ਹੋਰ ਬਹੁਤ ਸਾਰੀਆਂ ਕਿਤਾਬਾਂ

ਦੇ ਉਲਟ ਮੈਂ ਇਸ ਨੂੰ *ਉਪਦੇਸ਼* ਦੇ ਰੂਪ ਵਿਚ ਹੀ ਲਿਖਾਂਗਾ ਤਾਂ ਜੋ ਇਸ ਵਿਚ ਵਰਤੀ ਗਈ ਸਮੱਗਰੀ ਨੂੰ ਪੁਲਪਿਟ ਅਤੇ ਬਾਈਬਲ ਕਲਾਸ ਦੋਹਾਂ ਵਿੱਚੋਂ ਕਿਤੇ ਵੀ ਵਰਤਿਆ ਜਾ ਸਕੇ। ਲਿਖਣਾ ਸ਼ੁਰੂ ਕਰਨ ਸਮੇਂ ਮੇਰੀ ਯੋਜਨਾ ਇਸ ਕਿਤਾਬ ਨੂੰ ਛੱਬੀ ਪਾਠਾਂ ਤਕ ਸੀਮਤ ਰੱਖਣ ਦੀ ਸੀ (ਭੂਮਿਕਾ ਨੂੰ ਛੱਡ ਕੇ), ਤਾਂ ਜੋ ਜੇ ਕੋਈ ਚਾਹੇ ਤਾਂ ਉਹ ਇਸ ਅਧਿਐਨ ਨੂੰ ਛੇ ਮਹੀਨੇ ਦੇ ਅਧਿਐਨ ਦੇ ਰੂਪ ਵਿਚ ਵਰਤ ਸਕੇ। ਛੇਤੀ ਹੀ ਮੈਂ ਵੇਖਿਆ ਕਿ ਪਾਠ ਐਨੇ ਲੰਮੇ ਹੋ ਗਏ ਕਿ ਬਹੁਤ ਹੀ ਬੇਢੰਗੇ ਅਤੇ ਬੇਤਰਤੀਬੇ ਲੱਗਣ ਲੱਗੇ, ਤਾਂ ਮੈਂ ਉਨ੍ਹਾਂ ਵਿੱਚੋਂ ਦੋ ਜਾਂ ਇਸ ਤੋਂ ਵੱਧ ਪਾਠ ਹੋਰ ਬਣਾ ਦਿੱਤੇ। ਕਿਉਂਕਿ ਰਸੂਲਾਂ ਦੇ ਕੰਮ ਕਿਤਾਬ ਵਿਚ ਅਠਾਈ ਅਧਿਆਇ ਹਨ ਅਤੇ ਉਨ੍ਹਾਂ ਸਭ ਅਧਿਆਵਾਂ ਵਿਚ ਮਹਾਨ ਸੱਚਾਈਆਂ ਮਿਲਦੀਆਂ ਹਨ, ਮੇਰੇ ਜ਼ਿਆਦਾਤਰ ਪਾਠ ਆਮ ਬਾਈਬਲ ਕਲਾਸ ਜਾਂ ਉਪਦੇਸ਼ ਲਈ ਜ਼ਿਆਦਾ ਹੀ ਲੰਮੇ ਹੋਣਗੇ। ਤੁਸੀਂ ਉਪਲਬਧ ਸਮੱਗਰੀ ਵਿੱਚੋਂ ਜਿੱਥੇ ਲੋੜ ਹੋਵੇ ਉਨ੍ਹਾਂ ਦੀ ਵਰਤੋਂ ਕਰ ਸਕਦੇ ਹੋ। ਤੁਹਾਡੇ ਮਨ ਵਿਚ ਮੁੱਖ ਗੱਲ ਆਪਣੇ ਵਿਦਿਆਰਥੀਆਂ ਦੀ ਫੌਰੀ ਰੂਹਾਨੀ ਜ਼ਰੂਰਤ ਹੋਣੀ ਚਾਹੀਦੀ ਹੈ।

ਭਾਵੇਂ ਮੈਂ ਇਸ ਨੂੰ ਉਪਦੇਸ਼ ਦੇ ਰੂਪ ਵਿਚ ਲਿਖਾਂਗਾ ਪਰ ਮੈਂ ਚਾਹਾਂਗਾ ਕਿ ਇਸ ਕਿਤਾਬ ਦੀਆਂ ਸਭ ਗੱਲਾਂ ਚੰਗੀ ਤਰ੍ਹਾਂ ਨਾਲ ਸਮਝਾ ਸਕਾਂ। ਸੁਭਾਵਿਕ ਹੈ ਕਿ ਜੇ ਇਨ੍ਹਾਂ ਗੱਲਾਂ ਨੂੰ ਮੈਂ ਪਾਠ ਵਿਚ ਨਾ ਸਮਝਾ ਪਾਇਆ ਤਾਂ ਇਨ੍ਹਾਂ ਨੂੰ ਟਿੱਪਣੀਆਂ ਜਾਂ ਵਧੇਰੇ ਟਿੱਪਣੀਆਂ ਦੇ ਕੇ ਸਮਝਾਉਣ ਦੀ ਕੋਸ਼ਿਸ਼ ਕਰਾਂਗਾ।[10] ਕਿਉਂਕਿ ਇਸ ਲੜੀ ਦੀ ਸਮੱਗਰੀ ਬਾਅਦ ਵਿਚ ਪੱਕੇ ਤੌਰ ਤੇ ਤੁਹਾਡੀ ਮਲਕੀਅਤ ਹੋਵੇਗੀ, ਇਸ ਲਈ ਅਧਿਆਇ ਦੇ ਬਾਅਦ ਮੈਨੂੰ ਚਿੱਠੀ ਲਿਖ ਕੇ ਜ਼ਰੂਰ ਦੱਸੋ ਕਿ ਸਮਝਾਉਣ ਵਿਚ ਮੈਥੋਂ ਕਿੱਥੇ ਗਲਤੀ ਹੋਈ ਹੈ, ਤੁਹਾਡੇ ਸੁਝਾਅ ਮੇਰੇ ਲਈ ਮਦਦਗਾਰ ਹੋਣਗੇ। ਤੁਹਾਡੇ ਵੱਲੋਂ ਆਉਣ ਵਾਲੀ *ਕਿਸੇ* ਵੀ ਟਿੱਪਣੀ ਤੋਂ ਮੈਨੂੰ ਖ਼ੁਸ਼ੀ ਹੋਵੇਗੀ।

ਇਸ ਸਮੱਗਰੀ ਨੂੰ ਵਿਹਾਰਕ ਬਣਾਉਣ ਅਤੇ ਇਸ ਨੂੰ ਚੰਗੀ ਤਰ੍ਹਾਂ ਸਮਝਾਉਣ ਲਈ ਮੈਂ ਸਰਮਨ ਨੋਟਸ ਵੀ ਸ਼ਾਮਲ ਕਰਾਂਗਾ, ਇਹਦੇ ਨਾਲ ਹੀ ਜੇ ਥਾਂ ਹੋਈ ਤਾਂ ਮੈਂ ਇਸ ਨੂੰ ਦੂਸਰਿਆਂ ਸਾਹਮਣੇ ਚਿੱਤਰ ਦੇ ਰੂਪ ਵਿਚ ਸਮਝਾਉਣ ਲਈ ਮਦਦ ਲਈ ਵਧੀਕ ਟਿੱਪਣੀਆਂ ਯਾਨੀ ਚਿੱਤਰਾਂ ਰਾਹੀਂ ਸਮਝਾਉਣ ਲਈ ਵਿਜ਼ੁਅਲ-ਏਡ ਨੋਟਸ ਵੀ ਦਿਆਂਗਾ। ਉਮੀਦ ਹੈ ਕਿ ਰਸੂਲਾਂ ਦੇ ਕੰਮ ਦੀ ਬੇਸ਼ਕੀਮਤੀ ਕਿਤਾਬ ਦੇ ਪ੍ਰਚਾਰ ਅਤੇ ਸਿੱਖਿਆ ਦੇਣ ਲਈ ਇਹ ਸਮੱਗਰੀ ਤੁਹਾਡੀ ਮਦਦ ਕਰੇਗੀ।

ਹਮੇਸ਼ਾ ਵਾਂਗ ਮੈਂ ਇਹ ਸਮੱਗਰੀ ਕਈ ਥਾਵਾਂ ਤੋਂ ਇਕੱਠੀ ਕੀਤੀ ਹੈ, ਜਿਨ੍ਹਾਂ ਵਿੱਚੋਂ ਕਈਆਂ ਬਾਰੇ ਤੁਹਾਨੂੰ ਟਿੱਪਣੀਆਂ ਪੜ੍ਹ ਕੇ ਪਤਾ ਲੱਗ ਸਕਦਾ ਹੈ। ਕਿਉਂਕਿ ਮੈਂ ਖ਼ੁਦ ਚਾਲੀ ਤੋਂ ਵੱਧ ਸਾਲ ਤੋਂ ਰਸੂਲਾਂ ਦੇ ਕੰਮ ਦੀ ਕਿਤਾਬ ਪੜ੍ਹਾਉਂਦਾ ਅਤੇ ਇਸ ਵਿੱਚੋਂ ਪ੍ਰਚਾਰ ਕਰਦਾ ਆ ਰਿਹਾ ਹਾਂ, ਇਸ ਲਈ ਰਸੂਲਾਂ ਦੇ ਕੰਮ ਦੀ ਕਿਤਾਬ ਨੂੰ ਸਮਝਣ ਲਈ ਕਿਸੇ ਹੋਰ ਨੂੰ ਸਿਹਰਾ ਦੇਣ ਵਾਲੀ ਕੋਈ ਗੱਲ ਨਹੀਂ ਹੈ। ਫਿਰ ਵੀ ਮੈਂ ਯੂਨਾਨੀ ਵਿਦਵਾਨ ਜੇ. ਡਬਲਯੂ. ਰਾਬਰਟਸ ਦਾ ਜ਼ਿਕਰ ਕਰਨਾ ਚਾਹਾਂਗਾ-ਉਹ ਰਸੂਲਾਂ ਦੇ ਕੰਮ ਦੀ ਕਿਤਾਬ ਦੇ ਕੋਰਸ ਲਈ ਅਬਿਲੇਨ ਕ੍ਰਿਸ਼ਚਿਅਨ ਯੂਨੀਵਰਸਿਟੀ ਵਿਚ 1954 ਵਿਚ ਮੇਰੇ ਅਧਿਆਪਕ ਸਨ ਅਤੇ ਇਸ ਲੜੀ ਲਈ ਮੈਂ ਕਈ ਸਾਲਾਂ ਤੋਂ ਜੇ. ਡਬਲਯੂ. ਮੈਕਗਰਵੇ ਦੀ *ਨਿਊ ਕਮੈਂਟਰੀ ਆਨ ਐਕਟਸ ਆਫ਼ ਅਪੋਸਟਲਸ*[11] ਦੀ ਮਦਦ ਲਈ ਹੈ। ਇਸ ਲੜੀ ਲਈ, ਜਿਵੇਂ ਹੀ ਸਮਾਂ ਮਿਲੇ ਗਹਿਰਾਈ ਵਿਚ ਜਾ ਕੇ ਮੈਂ ਕਿਤਾਬ ਦਾ ਅਧਿਐਨ ਇਸ ਤਰ੍ਹਾਂ ਕਰਨ ਦੀ ਕੋਸ਼ਿਸ਼ ਕੀਤੀ ਹੈ ਜਿਵੇਂ ਕਿ ਮੈਂ ਇਸ ਨੂੰ ਪਹਿਲੀ ਵਾਰ ਪੜ੍ਹ ਰਿਹਾ ਹੋਵਾਂ।

## ਸਾਰ

ਇਹ ਨਹੀਂ ਕਿ ਯਿਸੂ ਸਿਰਫ਼ ਰਸੂਲਾਂ ਦੇ ਕੰਮ ਦੀ ਕਿਤਾਬ ਵਿਚ ਲਿਖੇ ਸਾਲਾਂ ਵਿਚ ਹੀ ਕੰਮ ''ਕਰਨ ਲੱਗਾ।'' ਉਹ ਆਪਣੀ ਦੇਹ ਯਾਨੀ ਕਲੀਸੀਆ[12] ਵਿਚ ਮੌਜੂਦ ਹੈ! ਉਹ ਸਾਡੇ ਰਾਹੀਂ ਲਗਾਤਾਰ ਕੰਮ ਕਰਦਾ ਹੈ। ਅਸੀਂ ਉਹਦੀਆਂ ਅੱਖਾਂ, ਕੰਨ, ਬਾਹਾਂ ਅਤੇ ਲੱਤਾਂ ਹਾਂ (1 ਕੁਰਿੰਥੀਆਂ 12:12-27)। ਖ਼ੁਦਾ ਅੱਜ ਵੀ ਆਪਣੀ ਕਲੀਸੀਆ ਦਾ ਇਤਿਹਾਸ ਆਪਣੇ ਸਵਰਗੀ, ਅਨਾਦੀ ਬਹੀ-ਖਾਤੇ ਵਿਚ ਲਿਖਦਾ ਜਾ ਰਿਹਾ ਹੈ। ਹੁਣ ਤਕ ਉਹਨੇ 20 ਕਿਤਾਬਾਂ ਮੁਕਾ ਲਈਆਂ ਹਨ ਅਤੇ 21 ਵੀਂ ਸ਼ੁਰੂ ਕਰ ਦਿੱਤੀ ਹੈ।[13] ਤੁਹਾਨੂੰ ਕੀ ਲਗਦਾ ਹੈ ਕਿ ਜੋ ਕੁਝ ਉਹ ਲਿੱਖ ਰਿਹਾ ਹੈ ਉਸ ਤੋਂ ਉਹ ਖ਼ੁਸ਼ ਹੈ? ਖ਼ੁਦਾ ਸਾਨੂੰ ਨਾ ਸਿਰਫ਼ ਨਵੇਂ ਨੇਮ ਵਾਲੇ ਮਸੀਹੀਆਂ ਦੀ ਸਿੱਖਿਆ ਨੂੰ ਬਹਾਲ ਕਰਨ ਦੀ ਮਦਦ ਹੀ ਦਿੰਦਾ ਹੈ ਸਗੋਂ ਸਾਡੇ ਅੰਦਰ ਉਨ੍ਹਾਂ ਦੀ ਰੂਹ ਅਤੇ ਜਜ਼ਬਾ ਵੀ ਪਾਉਂਦਾ ਹੈ! ਮੇਰੀ ਦੁਆ ਹੈ ਕਿ ਇਹ ਅਧਿਐਨ ਤੁਹਾਡੇ ਲਈ ਇਸ ਮਕਸਦ ਨੂੰ ਪੂਰਾ ਕਰਨ ਵੀ ਲਾਹੇਵੰਦ ਹੋਵੇ!

---

## ਸਰਮਨ ਨੋਟਸ

---

ਜੇ ਤੁਸੀਂ ਆਪਣੇ ਪਾਠਾਂ ਜਾਂ ਉਦੇਸ਼ਾਂ ਦੀ ਲੜੀ ਨਾਲ ਰਸੂਲਾਂ ਦੇ ਕੰਮ ਦੀ ਭੂਮੀਕਾ ਵੀ ਦੇਣਾ ਚਾਹੋ ਤਾਂ ਚੰਗਾ ਹੋਵੇਗਾ। ਤੁਸੀਂ ਇਸ ਭਾਗ ਨੂੰ ''ਇਕ ਕਾਰਜ'' ਦਾ ਨਾਂ ਦੇ ਕੇ ਸਭ ਪਾਠਾਂ ਨੂੰ ਸਿਖਾਉਣ ਦੀ *ਆਪਣੀ* ਯੋਜਨਾ ਬਾਰੇ ਦੱਸ ਸਕਦੇ ਹੋ।

ਕ੍ਰਿਸ਼ਚਿਅਨ ਪਬਲਿਸ਼ਿੰਗ ਵੱਲੋਂ ਛੇਵੇਂ ਦਹਾਕੇ ਦੇ ਆਖ਼ਰੀ ਸਾਲਾਂ ਵਿਚ ਡਾਨ ਵਿਲਿੰਘਮ ਦਾ ਸੰਦੇਸ਼ ''ਟਰਨਿੰਗ ਦਾ ਵਰਲਡ ਅਪਸਾਈਡ ਡਾਊਨ'' ਕਾਫ਼ੀ ਮਾਤਰਾ ਵਿਚ ਪ੍ਰਸਾਰਿਤ ਹੋਇਆ ਸੀ। ਇਸ ਪਾਠ ਵਿਚ ਡਾਨ ਨੇ ਧਿਆਨ ਦਵਾਇਆ ਸੀ ਕਿ ਮੁਢਲੀ ਕਲੀਸੀਆ ਐਨੀ ਸ਼ਕਤੀਸ਼ਾਲੀ ਅਤੇ ਕਾਮਯਾਬ ਕਿਵੇਂ ਬਣੀ ਅਤੇ ਉਸ ਨੇ ਸਲਾਹ ਦਿੱਤੀ ਸੀ ਕਿ ਇਸੇ ਨਮੂਨੇ ਦਾ ਪਾਲਣ ਕੀਤਾ ਜਾਵੇ। ਜ਼ਿਆਦਾਤਰ ਸਮੱਗਰੀ ਉਹਨੇ ਰਸੂਲਾਂ ਦੇ ਕੰਮ ਦੀ ਕਿਤਾਬ ਵਿੱਚੋਂ ਹੀ ਲਈ ਸੀ। ਉਹਨੇ ਮਸੀਹੀ ਲੋਕਾਂ ਦੇ ਵਿਹਾਰ, ਜੀਵਨ, ਸਿੱਖਿਆ, ਦੁਆ ਅਤੇ ਮਸੀਹੀ ਅਤੇ ਦੂਸਰੇ ਲੋਕਾਂ ਨਾਲ ਉਨ੍ਹਾਂ ਦੇ ਮੇਲ ਜੋਲ ਤੇ ਜ਼ੋਰ ਦਿੱਤਾ। ਰਸੂਲਾਂ ਦੇ ਕੰਮ ਦੀ ਕਿਤਾਬ ਪੜ੍ਹਦਿਆਂ ਮੁਢਲੀ ਕਲੀਸੀਆ ਦੀਆਂ ਵਿਸ਼ੇਸ਼ਤਾਂਵਾਂ ਤੇ ਜ਼ਰੂਰ ਧਿਆਨ ਦਿਓ ਜਿਨ੍ਹਾਂ ਦੀ ਅੱਜ ਸਾਨੂੰ ਬਹੁਤ ਹੀ ਲੋੜ ਹੈ। ਇਨ੍ਹਾਂ ਗੱਲਾਂ ਨੂੰ ਧਿਆਨ ਵਿਚ ਰੱਖਦਿਆਂ ਤੁਸੀਂ ਆਪ ਆਪਣਾ ਪਾਠ ਤਿਆਰ ਕਰੋ।

---

ਟਿੱਪਣੀਆਂ

[1]1 ਤੋਂ 12 ਅਧਿਆਵਾਂ ਦੀ ਹੋਰ ਵਿਸਤਾਰ ਵਿਚ ਰੂਪ ਰੇਖਾ ਕਿਤਾਬ ਦੇ ਸ਼ੁਰੂ ਵਿਚ ਦਿੱਤੀ ਗਈ ਹੈ। [2]ਰਸੂਲਾਂ ਦੇ ਕੰਮ 13:2; 15:28; 16:6. [3]ਰਸੂਲਾਂ ਦੇ ਕੰਮ 5:19, 20; 8:26; 27:23. [4]ਰਸੂਲਾਂ ਦੇ ਕੰਮ 11:28; 20:11, 12. [5]ਰਸੂਲਾਂ ਦੇ ਕੰਮ 18:9; 23:11. [6]ਅਜਿਹਾ ਇਸ ਲਈ ਸੀ ਕਿਉਂਕਿ ਪੁਰਾਣੇ ਨੇਮ ਦੇ ਨਬੀਆਂ ਦਾ ਖ਼ਾਸ ਜੋਰ ਇਹ ਸੀ ਕਿ ਮਸੀਹ ਇਕ ਰਾਜ ਕਾਇਮ ਕਰੇਗਾ। [7]ਪ੍ਰੀਮਿਲੇਨਿਅਲਿਜ਼ਮ (ਅਰਥਾਵਲੀ ਵੇਖੋ) ਜਾਂ ਹਜ਼ਾਰ ਸਾਲ ਦੇ ਰਾਜ ਵਿਚ ਵਿਸ਼ਵਾਸ ਰੱਖਣ ਵਾਲਿਆਂ ਦਾ ਕਹਿਣਾ ਹੈ ਕਿ ਇਹ ਇਸ ਲਈ ਹੈ ਕਿਉਂਕਿ

ਪ੍ਰਮੇਸ਼ਵਰ ਨੇ ਰਾਜ ਕਾਇਮ ਕਰਨਾ ਟਾਲ ਦਿੱਤਾ ਅਤੇ ਇਹਦੀ ਥਾਂ ਕਲੀਸੀਆ ਬਣਾ ਦਿੱਤੀ। ਮਸੀਹ ਦੇ ਜੀ ਉੱਠਣ ਦੇ ਬਾਅਦ ਪਹਿਲੇ ਪੈਂਟੀਕਾਸਟ ਵਾਲੇ ਦਿਨ ਕਾਇਮ ਹੋਈ ਕਲੀਸੀਆ ਪੁਰਾਣੇ ਨੇਮ ਦੇ ਨਬੀਆਂ ਵੱਲੋਂ ਦੱਸਿਆ ਰਾਜ ਹੀ ਹੈ। [8]ਇਸ ਲੜੀ ਵਿਚ ਰਸੂਲਾਂ ਦੇ ਕੰਮ ਦੀ ਕਿਤਾਬ ਵਿਚ ਪਵਿੱਤਰ ਆਤਮਾ ਦੇ ਕੰਮ ਤੇ ਵਧੇਰੇ ਲੇਖ ਬਾਅਦ ਵਿਚ ਦਿੱਤੇ ਜਾਣਗੇ। [9]ਲੂਕਾ ਵੱਲੋਂ ਲਿਖੇ ਛੇ ''ਸੰਖੇਪ ਵਾਕ'' ਪੜ੍ਹੋ (6:7; 9:31; 12:24; 16:5; 19:20; 28:30, 31)। ਹਰੇਕ ਵਿਚ *ਵਿਕਾਸ* ਦਾ ਸਾਰ ਹੈ। [10]ਵਾਧੂ ਲੇਖ ਅਗਲੇ ਭਾਗਾਂ ਵਿਚ, ਕਾਗਜ਼ ਹੋਣ ਤੇ ਦਿੱਤੇ ਜਾਣਗੇ। ਇਸ ਤਰ੍ਹਾਂ ਹਵਾਲਾ ਆਮ ਤੌਰ ਤੇ ਇਕ ਤੋਂ ਦੂਜੇ ਭਾਗ ਲਈ ਦਿੱਤਾ ਜਾਵੇਗਾ।

[11]ਮੈਕਗਰਵੇ ਦੀ ਕਮੈਂਟਰੀ ਹਰੇਕ ਮਸੀਹੀ ਲਾਇਬ੍ਰੇਰੀ ਵਿਚ ਰੱਖੀ ਜਾਣੀ ਚਾਹੀਦੀ ਹੈ। ਇਸ ਵਿਚ ਕੁਝ ਗੱਲਾਂ ਪੁਰਾਣੀਆਂ ਹੋ ਸਕਦੀਆਂ ਹਨ, ਫਿਰ ਵੀ ਰਸੂਲਾਂ ਦੇ ਕੰਮ ਦੇ ਗਹਿਰਾਈ ਨਾਲ ਅਧਿਐਨ ਕਰਨ ਲਈ ਬੇਸ਼ਕੀਮਤੀ ਵਸੀਲਾ ਹੈ। [12]ਅਫ਼ਸੀਆਂ 1:22, 23 ਵਿਚ ਲਿਖਿਆ ਹੈ ਕਿ ਦੇਹ ਕਲੀਸੀਆ ਹੈ। [13]ਵੀਹਵੀਂ ਸਦੀ ਬੀਤ ਚੁੱਕੀ ਹੈ ਅਤੇ ਇੱਕੀਵੀਂ ਸਦੀ ਸ਼ੁਰੂ ਹੋ ਚੁੱਕੀ ਹੈ।